ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ਼8 ਐਸ.ਏ.ਐਸ. ਨਗਰ
(ਅਮਲਾ-3 ਸਾਖਾ)

ਹੁਕਮ ਨੰ : 09/20-2020 ਅ3 (ਐਚ-1)/ 2021/08-111
ਮਿਤੀ : 4/5/2021

ਡਾਇਰੈਕਟੋਰੇਟ ਵਲੋਂ ਹੁਕਮ ਨੰ: 16/1-18 ਅਮਲਾ 3 (ਐਚ-1) ਮਿਤੀ 24.06.2019 ਰਾਹੀਂ ਮਾਸਟਰ ਕਾਡਰ ਤੋਂ ਬਤੌਰ ਮੁੱਖ ਅਧਿਆਪਕ ਪੱਦ ਉਨਤੀਆਂ ਕੀਤੀਆਂ ਗਈਆਂ ਸਨ। ਜਿਸ ਵਿੱਚ ਲੜੀ ਨੰ: 130 ਤੇ ਦਰਜ ਸ੍ਰੀ ਰਾਮੇਸ਼ਵਰ ਦਾਸ, ਮੈਥ ਮਾਸਟਰ, ਸਸਸਸ ਤੇਈਪੁਰ (ਪਟਿਆਲਾ) ਨੂੰ ਦੋਸ਼ ਸੂਚੀ ਪੈਂਡਿੰਗ ਹੋਣ ਕਾਰਣ ਸੀਲਡ ਕਵਰ ਵਿੱਚ ਰੱਖਿਆ ਗਿਆ ਸੀ। ਕਰਮਚਾਰੀ ਦੀ ਦੋਸ਼ ਸੂਚੀ ਦਾ ਫੈਸਲਾ ਵਿਭਾਗ ਦੇ ਹੁਕਮ ਨੰ: 6/35-18 ਅ 4(3) ਮਿਤੀ 01.11.2019 ਰਾਹੀਂ ਉਸਨੂੰ ਭਵਿੱਖ ਵਿੱਚ ਸੁਚੇਤ ਰਹਿਣ ਦੀ ਤਾੜਨਾ ਕਰਦੇ ਹੋਏ ਨਿਪਟਾਰਾ ਕੀਤਾ ਜਾ ਚੁੱਕਾ ਹੈ। ਕਰਮਚਾਰੀ ਵਲੋਂ ਵਿਭਾਗ ਨੂੰ ਦਿੱਤੀ ਗਈ ਪ੍ਰਤੀ-ਬੇਨਤੀ ਤੇ ਵਿਚਾਰ ਕਰਦਿਆਂ ਉਸਨੂੰ ਸੀਲਡ ਕਵਰ ਵਿਚੋਂ ਬਾਹਰ ਕੱਢਿਆ ਜਾਂਦਾ ਹੈ ਅਤੇ ਉਸਦੀ ਪੱਦ-ਉੱਨਤੀ ਪੰਜਾਬ ਸਰਕਾਰ ਦੇ ਨੋਟਿਫਿਕੇਸ਼ਨ ਮਿਤੀ 08.08.2018 ਦੇ ਰੂਲ 6, ਅਪੈਂਡਿਕਸ-ਬੀ ਅਨੁਸਾਰ ਤਨਖਾਹ ਸਕੇਲ 10300-34800+5400 ਗ੍ਰੇਡ ਪੇਅ ਵਿੱਚ ਬਤੌਰ ਮੁੱਖ ਅਧਿਆਪਕ, ਸਹਸ ਮਵੀਕਲਾਂ (ਪਟਿਆਲਾ) ਵਿਖੇ ਹੇਠ ਲਿਖਿਆਂ ਸ਼ਰਤਾਂ ਅਨੁਸਾਰ ਕੀਤੀ ਜਾਂਦੀ ਹੈ।

**ਸ਼ਰਤਾਂ:**

1 ਇਹ ਹੁਕਮ ਤੱਤਕਾਲ ਸਮੇਂ ਤੋਂ ਲਾਗੂ ਹੋਣਗੇ।
2 ਪੱਦ-ਉੱਨਤ ਕੀਤੇ ਕਰਮਚਾਰੀਆਂ ਦਾ ਪਰਖ ਸਮਾਂ ਇੱਕ ਸਾਲ ਹੋਵੇਗਾ।
3 ਇਹ ਤਰੱਕੀ ਵਿਭਾਗ ਵੱਲੋਂ ਮਿਤੀ 21.06.2019 ਨੂੰ ਮਾਸਟਰ ਕਾਡਰ ਦੀ ਜੋ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਹੈ, ਦੇ ਅਧਾਰ ਤੇ ਕੀਤੀ ਗਈ ਹੈ।
4 ਸਰਕਾਰ/ਵਿਭਾਗ ਵੱਲੋਂ ਪੱਦ-ਉੱਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪੱਦ-ਉੱਨਤ ਅਧਿਕਾਰੀਆਂ ਲਈ ਮੰਨਣਯੋਗ ਹੋਣਗੇ।
5 ਤਰੱਕੀ ਲਈ ਵਿਚਾਰੇ ਗਏ ਉਮੀਦਵਾਰ ਵਿੱਚੋਂ ਜੇ ਕੋਈ ਕਰਮਚਾਰੀ ਵਾਧੇ ਤੇ ਚੱਲ ਰਿਹਾ ਹੋਵੇਗਾ ਤਾਂ ਉਸਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਰੱਕੀ ਲੈਣ ਦਾ ਹੱਕ ਨਹੀਂ ਹੋਵੇਗਾ।
6 ਜੇਕਰ ਕਿਸੇ ਕਰਮਚਾਰੀ ਵਿਰੁੱਧ ਦੋਸ਼ ਸੂਚੀ ਜਾਂ ਪੜਤਾਲ ਪੈਂਡਿੰਗ ਹੋਵੇ ਤਾਂ ਉਸਦਾ ਕੇਸ ਵਿਭਾਗ ਨੂੰ ਬੈਕ ਰੈਫਰ ਕੀਤਾ ਜਾਵੇ।
7 ਮਾਨਯੋਗ ਅਦਾਲਤਾਂ ਵਿੱਚ ਸੀਨੀਆਰਤਾ ਸਬੰਧੀ ਚੱਲ ਰਹੇ ਕੋਰਟ ਕੇਸਾਂ ਦੇ ਫੈਸਲੇ ਇਨਾਂ ਹੁਕਮਾਂ ਤੇ ਲਾਗੂ ਹੋਣਗੇ।

ਸੁਖਜੀਤਪਾਲ ਸਿੰਘ ਪੀ.ਸੀ.ਐਸ
ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ

ਪਿੱਠ ਅੰਕਣ ਨੰ: 2021/08-111 ਮਿਤੀ: 4/5/2021

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲਾ ਸਿੱਖਿਆ ਅਫਸਰ (ਸੈ.ਸਿ) ਪਟਿਆਲਾ।
2. ਪ੍ਰਿੰਸੀਪਲ ਸਸਸਸ ਤੇਈਪੁਰ (ਪਟਿਆਲਾ)।
3. ਇੰਚਾਰਜ ਐਮ.ਆਈ.ਐਸ. ਵਿੰਗ ਐਸ.ਐਸ.ਏ. ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।
4. ਸਬੰਧਤ ਕਰਮਚਾਰੀ।

4/5/21

ਸਹਾਇਕ ਡਾਇਰੈਕਟਰ (ਐਚ ਐਮ)